# ਕਾਉਂਟੀ ਐਗਰੀਕਲਚਰਲ ਕਮਿਸ਼ਨਰਾਂ (CACs) ਨਾਲ ਪ੍ਰਭਾਵਸ਼ਾਲੀ ਢੰਗ ਨਾਲ ਜੁੜਨਾ



## ਸੰਖੇਪ ਜਾਣਕਾਰੀ

ਇਸ ਗਾਈਡ ਦਾ ਉਦੇਸ਼ ਤੁਹਾਨੂੰ ਇਸ ਟ੍ਰੇਨਿੰਗ ਵਰਕਸ਼ਾਪ ਨੂੰ ਸੁਖਾਲਾ ਬਣਾਉਣ ਵਿੱਚ ਤੁਹਾਡੀ ਭੂਮਿਕਾ ਦੀ ਸੰਖੇਪ ਜਾਣਕਾਰੀ ਦੇਣਾ ਹੈ। ਇਸ ਵਰਕਸ਼ਾਪ ਦਾ ਟੀਚਾ ਭਾਈਚਾਰਕ ਸ਼ਮੂਲੀਅਤ ਬਾਰੇ ਭਾਈਚਾਰੇ ਦੀ ਸਮਝ ਨੂੰ ਬਿਹਤਰ ਬਣਾਉਣਾ ਅਤੇ ਕਾਉਂਟੀ ਐਗਰੀਕਲਚਰਲ ਕਮਿਸ਼ਨਰਾਂ (CACs) ਅਤੇ ਉਨ੍ਹਾਂ ਦੇ ਸਟਾਫ ਨਾਲ ਵਧੇਰੇ ਕਾਰਗਰ ਢੰਗ ਨਾਲ ਕੰਮ ਕਰਨ ਦੀ ਉਨ੍ਹਾਂ ਦੀ ਯੋਗਤਾ ਨੂੰ ਮਜ਼ਬੂਤ ਬਣਾਉਣਾ ਹੈ।

ਤੁਸੀਂ 23 ਸਲਾਈਡਾਂ ਦੀ ਪਾਵਰਪੁਆਇੰਟ ਪ੍ਰੈਜ਼ੈਂਟੇਸ਼ਨ ਨਾਲ ਕੰਮ ਕਰੋਗੇ, ਜਿਸ ਵਿੱਚ ਫ਼ੈਸਿਲਿਟੇਟਰ ਦੇ ਨੋਟਸ ਵੀ ਸ਼ਾਮਲ ਹੋਣਗੇ। ਬਿਨਾਂ ਕਿਸੇ ਰੁਕਾਵਟ ਦੇ ਸਲਾਈਡਾਂ ਨੂੰ ਕਵਰ ਕਰਨ ਵਿੱਚ ਲਗਭਗ 25 ਮਿੰਟ ਲੱਗਦੇ ਹਨ। ਤੁਹਾਨੂੰ ਪੂਰੀ ਵਰਕਸ਼ਾਪ ਦੇ ਲਗਭਗ 2 ਘੰਟੇ ਚੱਲਣ ਦੀ ਉਮੀਦ ਕਰਨੀ ਚਾਹੀਦੀ ਹੈ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਸਵਾਲਾਂ ਅਤੇ ਚਰਚਾ ਲਈ ਕਿੰਨਾ ਕੁ ਸਮਾਂ ਦਿੰਦੇ ਹੋ।

ਜਦੋਂ ਤੁਹਾਨੂੰ ਇਸ ਗਾਈਡ ਵਿੱਚ ਇੱਕ ਮੈਗਾਫੋਨ ਆਈਕਨ ਦਿਖਾਈ ਦਿੰਦਾ ਹੈ, ਤਾਂ ਇਸਦੇ ਨਾਲ ਮੌਜੂਦ ਇਟੈਲਿਕ ਅੱਖਰਾਂ ਵਿੱਚ ਦਿੱਤਾ ਟੈਕਸਟ ਉਹ ਸਕ੍ਰਿਪਟ ਹੈ ਜਿਸਨੂੰ ਤੁਸੀਂ ਕਿਸੇ ਵਿਸ਼ੇ ਨਾਲ ਜਾਣ-ਪਛਾਣ ਕਰਾਉਣ ਜਾਂ ਸਵਾਲਾਂ ਜਾਂ ਚਰਚਾ ਲਈ ਮੌਕਾ ਦੇਣ ਵੇਲੇ ਵਰਤਣ ਦੀ ਚੋਣ ਕਰ ਸਕਦੇ ਹੋ।

## ਵਰਕਸ਼ਾਪ ਤੋਂ ਪਹਿਲਾਂ

ਜੇ ਤੁਸੀਂ CACs ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਬਾਰੇ ਪਹਿਲਾਂ ਤੋਂ ਜਾਣਦੇ ਹੋ, ਤਾਂ ਤੁਹਾਨੂੰ ਵਰਕਸ਼ਾਪ ਤੋਂ ਪਹਿਲਾਂ ਕੁਝ ਸਮਾਂ ਬਿਤਾ ਕੇ ਇਸ ਬਾਰੇ ਮੁਢਲੀ ਸਮਝਪ੍ਰਾਪਤ ਕਰਨੀ ਚਾਹੀਦੀ ਹੈ ਕਿ ਉਹ ਕੀ ਕਰਦੇ ਹਨ ਅਤੇ ਭਾਈਚਾਰਾ ਆਪੋ-ਆਪਣੇ CACs ਨਾਲ ਵੱਖ-ਵੱਖ ਤਰੀਕਿਆਂ ਨਾਲ ਕਿਵੇਂ ਜੁੜ ਸਕਦਾ ਹੈ। ਤੁਸੀਂ ਜਿਨ੍ਹਾਂ ਭਾਈਚਾਰਿਆਂ ਨੂੰ ਟ੍ਰੇਨਿੰਗ ਦਿਓਗੇ, ਉਨ੍ਹਾਂ ਬਾਰੇ ਕੁਝ ਜਾਣਨ ਅਤੇ ਇਹ ਪਤਾ ਲਗਾਉਣ ਨਾਲ ਵੀ ਮਦਦ ਮਿਲੇਗੀ ਕਿ ਕੀ ਉਹਨਾਂ ਨੇ ਪਹਿਲਾਂ ਆਪਣੇ CAC ਨਾਲ ਸ਼ਮੂਲੀਅਤ ਕੀਤੀ ਹੈ ਅਤੇ ਕਿਵੇਂ ਕੀਤੀ ਹੈ।

ਤੁਹਾਨੂੰ ਪਾਵਰਪੁਆਇੰਟ ਸਲਾਈਡਾਂ ਨਾਲ ਕੰਮ ਕਰਨ ਵਿੱਚ ਮਾਹਰ ਹੋਣਾ ਚਾਹੀਦਾ ਹੈ। ਤੁਹਾਨੂੰ ਵਰਕਸ਼ਾਪ ਦੇ ਪ੍ਰਬੰਧ ਅਤੇ ਸੰਚਾਲਨ ਤੋਂ ਵੀ ਜਾਣੂ ਅਤੇ ਅਰਾਮਦੇਹ ਹੋਣਾ ਚਾਹੀਦਾ ਹੈ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕਮਰੇ ਨੂੰ ਕਿਵੇਂ ਤਿਆਰ ਕੀਤਾ ਜਾਵੇਗਾ (ਜੇ ਵਰਕਸ਼ਾਪ ਵਿਅਕਤੀਗਤ ਰੂਪ ਵਿੱਚ ਹੈ) ਜਾਂ ਕੰਪਿਊਟਰ ਰਾਹੀਂ ਪ੍ਰੈਜ਼ੈਂਟੇਸ਼ਨ ਅਤੇ ਵਿਚਾਰ-ਚਰਚਾ ਦੀ ਅਗਵਾਈ ਕਿਵੇਂ ਕਰਨੀ ਹੈ (ਜੇ ਵਰਕਸ਼ਾਪ ਔਨਲਾਈਨ ਹੈ)। ਕਿਸੇ ਵੀ ਸਥਿਤੀ ਵਿੱਚ, ਤੁਸੀਂ ਜਿਸ ਵੀ ਉਪਕਰਣ ਦੀ ਵਰਤੋਂ ਕਰ ਰਹੇ ਹੋ, ਉਸ 'ਤੇ ਤੁਹਾਨੂੰ ਵਰਕਸ਼ਾਪ ਦੀ ਰਿਹਰਸਲ ਕਰ ਲੈਣੀ ਚਾਹੀਦੀ ਹੈ।

ਉਮੀਦ ਹੈ ਕਿ ਇਹ ਵਰਕਸ਼ਾਪ ਨਾ ਸਿਰਫ਼ ਭਾਗ ਲੈਣ ਵਾਲਿਆਂ ਨੂੰ ਲਾਭਦਾਇਕ ਜਾਣਕਾਰੀ ਅਤੇ ਹੁਨਰ ਪ੍ਰਦਾਨ ਕਰੇਗੀ ਸਗੋਂ ਉਨ੍ਹਾਂ ਨੂੰ ਅਨੁਭਵ ਅਤੇ ਵਿਚਾਰ ਸਾਂਝੇ ਕਰਨ ਅਤੇ ਇੱਕ ਦੂਜੇ ਤੋਂ ਸਿੱਖਣ ਦਾ ਮੌਕਾ ਵੀ ਪ੍ਰਦਾਨ ਕਰੇਗੀ। ਭਾਗੀਦਾਰਾਂ ਵਿਚਾਲੇ ਇਸ ਤਰ੍ਹਾਂ ਦੇ ਲੈਣ-ਦੇਣ ਨੂੰ ਉਤਸ਼ਾਹਿਤ ਕਰਨ ਲਈ, ਇਹ ਗਾਈਡ ਤੁਹਾਨੂੰ ਆਪਣੇ ਸੈਸ਼ਨ ਨੂੰ ਅਸਰਦਾਰ ਢੰਗ ਨਾਲ ਸੁਵਿਧਾਜਨਕ ਬਣਾਉਣ ਵਿੱਚ ਮਦਦ ਲਈ, ਸਕ੍ਰਿਪਟ ਵਿੱਚ ਲਿਖੀਆਂ ਗੱਲਾਂ ਤੋਂ ਇਲਾਵਾ ਵੀ ਸੁਝਾਅ ਪ੍ਰਦਾਨ ਕਰਦੀ ਹੈ।

ਇਸ ਉਦੇਸ਼ ਲਈ, ਸਲਾਈਡਾਂ ਨੂੰ ਛੇ ਹਿੱਸਿਆਂ ਵਿੱਚ ਵੰਡਿਆ ਗਿਆ ਹੈ:

- ਸਵਾਗਤ ਅਤੇ ਜਾਣ-ਪਛਾਣ (ਸਲਾਈਡਾਂ 1 - 4)
- ਭਾਈਚਾਰਕ ਸ਼ਮੂਲੀਅਤ ਕੀ ਹੈ? (ਸਲਾਈਡਾਂ 5 – 8)
- CAC ਕੌਣ ਹਨ ਅਤੇ ਉਹ ਕੀ ਕਰਦੇ ਹਨ? (ਸਲਾਈਡਾਂ 9 – 12)
- CAC-ਕਮਿਊਨਿਟੀ ਸ਼ਮੂਲੀਅਤ ਦੇ ਟੀਚੇ (ਸਲਾਈਡਾਂ 13 - 14)
- ਕੀਟਨਾਸ਼ਕ ਕੀ ਹੁੰਦੇ ਹਨ? (ਸਲਾਈਡਾਂ 15 – 18)
- CAC – ਭਾਈਚਾਰਕ ਸਹਿਯੋਗ: ਸਫਲਤਾ ਦੀਆਂ ਕਹਾਣੀਆਂ (ਸਲਾਈਡ 19 - 20)
- ਸਮਾਪਤੀ (ਸਲਾਈਡਾਂ 21 - 23)

ਜਿਵੇਂ-ਜਿਵੇਂ ਤੁਸੀਂ ਹਰੇਕ ਹਿੱਸੇ ਨੂੰ ਪੂਰਾ ਕਰਦੇ ਜਾਂਦੇ ਹੋ, ਤੁਹਾਨੂੰ ਭਾਗੀਦਾਰਾਂ ਤੋਂ ਪੁੱਛਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਦੇ ਕੋਈ ਸਵਾਲ ਜਾਂ ਟਿੱਪਣੀਆਂ ਹਨ। ਜੇ ਕੋਈ ਸਵਾਲ ਜਾਂ ਟਿੱਪਣੀ ਨਹੀਂ ਹੈ, ਤਾਂ ਇਹ ਗਾਈਡ ਤੁਹਾਨੂੰ ਕੁਝ ਸੰਭਵ ਫ਼ਾਲੋ-ਅੱਪ ਸਵਾਲ ਪ੍ਰਦਾਨ ਕਰਦੀ ਹੈ ਜੋ ਤੁਸੀਂ ਚਰਚਾ ਛੇੜਨ ਲਈ ਪੁੱਛ ਸਕਦੇ ਹੋ। ਤੁਸੀਂ ਇਹ ਜਾਂ ਕੋਈ ਹੋਰ ਸਵਾਲ ਪੁੱਛ ਸਕਦੇ ਹੋ ਜੋ ਤੁਹਾਨੂੰ ਸਹੀ ਲੱਗਦੇ ਹਨ। ਤੁਹਾਡਾ ਟੀਚਾ ਇਹ ਹੋਣਾ ਚਾਹੀਦਾ ਹੈ ਕਿ ਭਾਗੀਦਾਰ ਇੱਕ ਦੂਜੇ ਤੋਂ ਸਿੱਖਣ ਅਤੇ ਆਪਣੀ ਜਾਣਕਾਰੀ ਸਾਂਝੀ ਕਰਨ। ਕਿਰਪਾ ਕਰਕੇ ਧਿਆਨ ਰੱਖੋ ਕਿ ਗੱਲਬਾਤ ਨੂੰ ਬਹੁਤਾ ਲੰਮਾ ਨਾ ਚੱਲਣ ਦਿਓ ਤਾਂ ਜੋ ਵਰਕਸ਼ਾਪ ਨਿਰਧਾਰਤ ਸਮੇਂ ਅਨੁਸਾਰ ਚੱਲ ਸਕੇ।

# ਵਰਕਸ਼ਾਪ ਨੂੰ ਸੁਵਿਧਾਜਨਕ ਬਣਾਉਣਾ

**ਸਵਾਗਤ ਅਤੇ ਜਾਣ-ਪਛਾਣ (ਸਲਾਈਡਾਂ 1 – 4; ਆਈਸਬ੍ਰੇਕਰ (ਚੁੱਪ ਤੋੜਨ ਲਈ ਹਲਕੀ-ਫੁਲਕੀ ਗੱਲਬਾਤ) ਤੋਂ ਬਿਨਾਂ 20 ਮਿੰਟ, ਆਈਸਬ੍ਰੇਕਰ ਨਾਲ 30 ਮਿੰਟ)**

ਤੁਹਾਨੂੰ ਭਾਗੀਦਾਰਾਂ ਦੇ ਆਉਣ 'ਤੇ ਉਨ੍ਹਾਂ ਲਈ ਇੱਕ ਸਵਾਗਤਯੋਗ, ਦੋਸਤਾਨਾ ਮਾਹੌਲ ਬਣਾਉਣਾ ਚਾਹੀਦਾ ਹੈ। ਤੁਹਾਨੂੰ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਨਾ ਚਾਹੀਦਾ ਹੈ ਜਾਂ ਉਨ੍ਹਾਂ ਨਾਲ ਹੱਥ ਮਿਲਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਅਰਾਮਦੇਹ ਮਹਿਸੂਸ ਕਰਨ ਵਿੱਚ ਮਦਦ ਕਰਨੀ ਚਾਹੀਦੀ ਹੈ। ਤੁਹਾਨੂੰ ਭਾਗੀਦਾਰਾਂ ਨੂੰ ਦੱਸਣਾ ਚਾਹੀਦਾ ਹੈ ਕਿ, ਜੇ ਕੋਈ ਹਨ ਤਾਂ, ਕਿਹੜੀਆਂ ਭਾਸ਼ਾ ਵਿਆਖਿਆ ਸੇਵਾਵਾਂ ਉਪਲਬਧ ਹਨ।

ਜਦੋਂ ਗਰੁੱਪ ਇਕੱਠਾ ਹੋ ਜਾਵੇ, ਤਾਂ ਸਾਰਿਆਂ ਦਾ ਆਉਣ ਲਈ ਧੰਨਵਾਦ ਕਰੋ ਅਤੇ ਫਿਰ ਆਪਣੀ ਜਾਣ-ਪਛਾਣ ਕਰਾਓ ਅਤੇ ਦੱਸੋ ਕਿ ਇਕੱਠੇ ਬਿਤਾਇਆ ਜਾਣਾ ਵਾਲਾ ਸਮਾਂ ਕਿਹੋ ਜਿਹਾ ਬੀਤੇਗਾ। ਇਸ ਵਿੱਚ ਸੰਚਾਲਨ ਸਬੰਧੀ ਪਹਿਲੂ ਸ਼ਾਮਲ ਹੋਣੇ ਚਾਹੀਦੇ ਹਨ, ਜਿਵੇਂ ਕਿ ਸੈਸ਼ਨ ਦਾ ਸਮਾਂ ਅਤੇ ਬ੍ਰੇਕਾਂ ਅਤੇ, ਜੇ ਔਨਲਾਈਨ ਹੈ, ਤਾਂ ਇਸ ਬਾਰੇ ਹਦਾਇਤਾਂ ਕਿ ਹਰ ਕੋਈ ਪ੍ਰਭਾਵਸ਼ਾਲੀ ਢੰਗ ਨਾਲ ਕਿਵੇਂ ਗੱਲਬਾਤ ਕਰ ਸਕਦਾ ਹੈ (ਜਿਵੇਂ ਕਿ, ਹੱਥ ਖੜ੍ਹਾ ਕਰਨ ਦੀ ਵਿਸ਼ੇਸ਼ਤਾ)। ਇਸ ਵਿੱਚ ਇਹ ਉਮੀਦ ਵੀ ਸ਼ਾਮਲ ਹੋਣੀ ਚਾਹੀਦੀ ਹੈ ਕਿ ਸੈਸ਼ਨ ਇੰਟਰਐਕਟਿਵ ਹੋਵੇਗਾ ਅਤੇ ਹਰ ਕਿਸੇ ਨੂੰ ਆਪਣੇ ਖਿਆਲਾਂ ਅਤੇ ਵਿਚਾਰਾਂ ਨੂੰ ਸਤਿਕਾਰ ਭਰੇ ਤਰੀਕੇ ਨਾਲ ਦੱਸਣ ਲਈ ਉਤਸ਼ਾਹਿਤ ਕੀਤਾ ਜਾਵੇਗਾ। ਭਾਗੀਦਾਰਾਂ ਤੋਂ ਪੁੱਛੋ ਕਿ ਕੀ ਇਸ ਸਮੇਂ ਉਨ੍ਹਾਂ ਦੇ ਕੋਈ ਸਵਾਲ ਹਨ।

ਭਾਗੀਦਾਰਾਂ ਨੂੰ ਕਹੋ ਕਿ ਉਹ ਆਪਣੇ ਨਾਮ ਅਤੇ ਅਹੁਦੇ ਬਾਰੇ ਦੱਸਦਿਆਂ ਸੰਖੇਪ ਵਿੱਚ ਆਪਣੀ ਜਾਣ-ਪਛਾਣ ਕਰਵਾਉਣ।

*ਚੋਣਵਾਂ: ਇੱਕ ਆਈਸਬ੍ਰੇਕਰ (ਚੁੱਪ ਤੋੜਨ ਲਈ ਹਲਕੀ-ਫੁਲਕੀ ਗੱਲਬਾਤ) ਆਯੋਜਤ ਕਰੋ। ਇਸਨੂੰ ਕਰਨਾ ਹੈ ਜਾਂ ਨਹੀਂ, ਇਹ ਪਹਿਲਾਂ ਤੋਂ ਹੀ ਤੈਅ ਕਰ ਲੈਣਾ ਚਾਹੀਦਾ ਹੈ। ਜੇਕਰ ਭਾਗੀਦਾਰ ਆਮ ਤੌਰ 'ਤੇ ਇੱਕ ਦੂਜੇ ਨੂੰ ਜਾਣਦੇ ਹਨ ਤਾਂ ਹੋ ਸਕਦਾ ਹੈ ਕਿ ਇਹ ਉਨ੍ਹਾਂ ਦੇ ਸਮੇਂ ਦੀ ਵਧੀਆ ਵਰਤੋਂ ਨਾ ਹੋਵੇ। ਜੇਕਰ ਵਰਕਸ਼ਾਪ ਦੇ ਪ੍ਰਬੰਧਕ ਸੁਝਾਅ ਦਿੰਦੇ ਹਨ ਕਿ ਇਸ ਨਾਲ ਫਾਇਦਾ ਹੋਵੇਗਾ, ਤਾਂ ਉਹਨਾਂ ਨਾਲ ਮਿਲ ਕੇ ਇੱਕ ਢੁਕਵਾਂ ਆਈਸਬ੍ਰੇਕਰ (ਚੁੱਪ ਤੋੜਨ ਦਾ) ਤਰੀਕਾ ਚੁਣੋ। ਆਈਸਬ੍ਰੇਕਰ ਪੂਰੇ ਗਰੁੱਪ ਨਾਲ ਕੀਤਾ ਜਾਣਾ ਚਾਹੀਦਾ ਹੈ। ਜੇ ਗਰੁੱਪ ਬਹੁਤ ਵੱਡਾ ਹੈ, ਤਾਂ ਹਰ ਕਿਸੇ ਦੀ ਗੱਲ ਸੁਣਨਾ ਸ਼ਾਇਦ ਸੰਭਵ ਨਹੀਂ ਹੋਵੇਗਾ। ਤੁਸੀਂ ਨਹੀਂ ਚਾਹੋਗੇ ਕਿ ਸੈਸ਼ਨ ਦਾ ਇਹ ਹਿੱਸਾ 10 ਮਿੰਟਾਂ ਤੋਂ ਵੱਧ ਚੱਲੇ (ਜਾਂ ਜੇਕਰ ਤੁਸੀਂ ਪਹਿਲਾਂ ਹੀ ਨਿਰਧਾਰਤ ਸਮੇਂ ਤੋਂ ਪਿੱਛੇ ਹੋ ਤਾਂ ਇਸਤੋਂ ਵੀ ਘੱਟ ਸਮਾਂ)। ਇੱਥੇ ਕੁਝ ਵਿਸ਼ਿਆਂ ਸਬੰਧੀ ਸੁਝਾਅ ਦਿੱਤੇ ਗਏ ਹਨ:*

- *ਤੁਹਾਡੀ ਨੌਕਰੀ ਦਾ ਤੁਹਾਡਾ ਮਨਪਸੰਦ ਹਿੱਸਾ ਕੀ ਹੈ?*
- *ਤੁਹਾਡੀ ਜ਼ਿੰਦਗੀ ਬਾਰੇ ਅਜਿਹਾ ਕਿਹੜਾ ਦਿਲਚਸਪ ਤੱਥ ਹੈ ਜਿਸ ਬਾਰੇ ਜ਼ਿਆਦਾਤਰ ਲੋਕ ਨਹੀਂ ਜਾਣਦੇ ਹਨ?*
- *ਕੀ ਤੁਹਾਡੀ ਪਹਿਲਾਂ ਆਪਣੇ ਕਾਉਂਟੀ ਖੇਤੀਬਾੜੀ ਕਮਿਸ਼ਨਰ ਜਾਂ ਕਾਉਂਟੀ ਦੇ ਕਿਸੇ ਹੋਰ ਸਰਕਾਰੀ ਅਧਿਕਾਰੀ ਨਾਲ ਗੱਲਬਾਤ ਹੋਈ ਹੈ?*

ਦਿਨ ਦੇ ਵਿਸ਼ਿਆਂ ਨੂੰ ਕਵਰ ਕਰੋ (ਸਲਾਈਡ 3) ਅਤੇ ਸਲਾਈਡ 4 'ਤੇ ਸਲਾਈਡਸ਼ੋਅ ਪਲੇ ਕਰੋ।

**ਭਾਈਚਾਰਕ ਸ਼ਮੂਲੀਅਤ ਕੀ ਹੈ? (ਸਲਾਈਡਾਂ 5 – 8, 15 ਮਿੰਟ)**

*ਅਗਲੀਆਂ ਕਈ ਸਲਾਈਡਾਂ ਭਾਈਚਾਰਕ ਸ਼ਮੂਲੀਅਤ ਦੇ ਵਿਚਾਰ ਨਾਲ ਜਾਣ-ਪਛਾਣ ਕਰਾਉਂਦੀਆਂ ਹਨ। ਇਸ ਵਿੱਚ ਵਾਤਾਵਰਣ ਨਿਆਂ ਪ੍ਰਤੀ ਮਜ਼ਬੂਤ ਵਚਨਬੱਧਤਾ ਦੀ ਪਰਿਭਾਸ਼ਾ ਅਤੇ ਅਹਿਮੀਅਤ ਸ਼ਾਮਲ ਹੈ।*

ਫ਼ਾਲੋ-ਅੱਪ ਸਵਾਲ:

- *ਕੀ ਕੋਈ ਵਿਅਕਤੀ ਸਲਾਈਡਾਂ ਵਿੱਚ ਸ਼ਾਮਲ ਕੀਤੀਆਂ ਗਈਆਂ ਗੱਲਾਂ ਵਿੱਚ ਕੁਝ ਹੋਰ ਵਾਧਾ ਕਰਨਾ ਚਾਹੇਗਾ?*
- *ਤੁਹਾਡੀਆਂ ਮੁੱਖ ਭਾਈਚਾਰਕ ਚਿੰਤਾਵਾਂ ਅਤੇ ਤਰਜੀਹਾਂ ਕੀ ਹਨ? ਕਿਰਪਾ ਕਰਕੇ ਉਹਨਾਂ ਨੂੰ ਆਪਣੀ ਵਰਕਬੁੱਕ ਵਿੱਚ ਲਿਖੋ।*
- *ਕੀ ਤੁਸੀਂ ਆਪਣੇ ਭਾਈਚਾਰੇ ਨੂੰ ਪ੍ਰਭਾਵਿਤ ਕਰਨ ਵਾਲੇ ਵਿਸ਼ਿਆਂ 'ਤੇ ਕੰਮ ਕਰਨ ਲਈ ਆਪਣੇ CAC ਨਾਲ ਕੰਮ ਕੀਤਾ ਹੈ?*

ਜੇਕਰ ਤੁਸੀਂ ਭਾਗੀਦਾਰਾਂ ਤੋਂ ਕੋਈ ਚਰਚਾ ਨਹੀਂ ਕਰਵਾ ਪਾ ਰਹੇ ਹੋ, ਤਾਂ ਤੁਸੀਂ ਕਹਿ ਸਕਦੇ ਹੋ ਕਿ ਲੋਕਾਂ ਨੂੰ CAC ਦਫ਼ਤਰ ਜਾਂ ਹੋਰ ਸਥਾਨਕ ਸਰਕਾਰੀ ਏਜੰਸੀਆਂ ਨਾਲ ਜੁੜਨ ਜਾਂ ਕੰਮ ਕਰਨ ਦੇ ਵੱਖੋ-ਵੱਖਰੇ ਅਨੁਭਵ ਹੋਏ ਹੋ ਸਕਦੇ ਹਨ।

*ਸਾਡੇ ਸਾਰਿਆਂ ਦੇ ਸਥਾਨਕ ਸਰਕਾਰੀ ਏਜੰਸੀਆਂ ਨਾਲ ਵੱਖੋ-ਵੱਖਰੇ ਅਨੁਭਵ ਰਹੇ ਹੋ ਸਕਦੇ ਹਨ। ਕੀ ਕੋਈ ਵਿਅਕਤੀ ਅਜਿਹਾ ਅਨੁਭਵ ਸਾਂਝਾ ਕਰ ਸਕਦਾ ਹੈ ਜੋ ਭੰਬਲਭੂਸੇ ਭਰਿਆ, ਜਾਂ ਮਦਦਗਾਰ ਸੀ ਜਾਂ ਬਹੁਤਾ ਮਦਦਗਾਰ ਨਹੀਂ ਸੀ?*

## CAC ਕੌਣ ਹਨ ਅਤੇ ਉਹ ਕੀ ਕਰਦੇ ਹਨ? (ਸਲਾਈਡਾਂ 9-12, 5 ਮਿੰਟ)

*ਸਲਾਈਡਾਂ ਦੇ ਇਸ ਬਲਾਕ ਦਾ ਉਦੇਸ਼ ਤੁਹਾਨੂੰ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ ਕਿ CAC ਕੌਣ ਹੁੰਦੇ ਹਨ, ਉਹ ਕੀ ਕਰਦੇ ਹਨ, ਅਤੇ ਉਹ ਕਿਸ ਲਈ ਜ਼ਿੰਮੇਵਾਰ ਹੁੰਦੇ ਹਨ।*

ਫ਼ਾਲੋ-ਅੱਪ ਸਵਾਲ:

- *ਤੁਹਾਡੇ ਤਜਰਬੇ ਅਨੁਸਾਰ, ਕੀ CAC ਦੀਆਂ ਭੂਮਿਕਾਵਾਂ ਬਾਰੇ ਇਸ ਵਿਆਖਿਆ ਵਿੱਚ ਕੋਈ ਮਹੱਤਵਪੂਰਨ ਗੱਲ ਛੁੱਟ ਗਈ ਹੈ?*
- *ਇਸਤੋਂ ਪਹਿਲਾਂ ਕਿ ਅਸੀਂ ਟੀਚਿਆਂ ਅਤੇ ਸ਼ਮੂਲੀਅਤ ਦੇ ਤਰੀਕਿਆਂ ਦੀਆਂ ਖਾਸ ਉਦਾਹਰਣਾਂ ਬਾਰੇ ਅਗਲੀਆਂ ਕੁਝ ਸਲਾਈਡਾਂ ਦੇਖੀਏ, ਕੀ ਕੋਈ ਵਿਅਕਤੀ ਆਪਣਾ ਅਨੁਭਵ ਸਾਂਝਾ ਕਰਨਾ ਚਾਹੇਗਾ ਕਿ ਤੁਸੀਂ ਭਾਈਚਾਰਕ ਚਿੰਤਾਵਾਂ ਜਾਂ ਮੁੱਦਿਆਂ ਬਾਰੇ ਆਪਣੇ ਸਥਾਨਕ ਸਰਕਾਰੀ ਦਫ਼ਤਰ ਤੱਕ ਕਿਵੇਂ ਪਹੁੰਚ ਕੀਤੀ ਹੈ?*
- *ਹੁਣ ਜਦੋਂ ਤੁਹਾਨੂੰ CACs ਦੇ ਕੰਮਕਾਜ ਬਾਰੇ ਜ਼ਿਆਦਾ ਵਧੀਆ ਢੰਗ ਨਾਲ ਸਮਝ ਆ ਗਈ ਹੈ, ਤਾਂ ਸੈਕਸ਼ਨ ਇੱਕ (ਪੰਨਾ 2) ਵਿੱਚ ਇਕੱਤਰ ਕੀਤੀਆਂ ਭਾਈਚਾਰਕ ਚਿੰਤਾਵਾਂ ਅਤੇ ਤਰਜੀਹਾਂ ਦੀ ਆਪਣੀ ਸੂਚੀ ਨੂੰ ਇੱਕ ਵਾਰ ਫਿਰ ਤੋਂ ਵੇਖੋ। ਪਛਾਣ ਕਰੋ ਕਿ ਕਿਹੜੀਆਂ ਤਰਜੀਹਾਂ CACs ਨਾਲ ਸਬੰਧਤ ਹਨ, ਅਤੇ ਕਿਹੜੀਆਂ ਹੋਰਨਾਂ ਏਜੰਸੀਆਂ ਨਾਲ ਸਬੰਧਤ ਹਨ ਅਤੇ ਉਹਨਾਂ ਨੂੰ ਲਿਖੋ (ਪੰਨਾ 6 'ਤੇ)।*

## CAC-ਭਾਈਚਾਰਕ ਸ਼ਮੂਲੀਅਤ ਦੇ ਟੀਚੇ (ਸਲਾਈਡ 13, 3 ਮਿੰਟ)

*ਇਹ ਸਲਾਈਡ ਦੱਸਦੀ ਹੈ ਕਿ CAC-ਭਾਈਚਾਰਕ ਸ਼ਮੂਲੀਅਤ ਦੇ ਟੀਚੇ ਕੀ ਹਨ, ਜਿਵੇਂ ਕਿ ਸੂਚਨਾ ਦੇ ਲੈਣ-ਦੇਣ ਨੂੰ ਬਿਹਤਰ ਬਣਾਉਣ ਅਤੇ ਹੱਲ ਕੱਢਣ ਲਈ ਇਕੱਠੇ ਮਿਲਕੇ ਕੰਮ ਕਰਨ ਦੇ ਟੀਚੇ।*

## CAC-ਭਾਈਚਾਰਕ ਸ਼ਮੂਲੀਅਤ ਦੀਆਂ ਚੰਗੀਆਂ ਉਦਾਹਰਣਾਂ (ਸਲਾਈਡ 14, 7 ਮਿੰਟ)

*ਇਹ ਸਲਾਈਡ ਤੁਹਾਡੇ CAC ਦਫ਼ਤਰ ਨਾਲ ਸਫਲ ਭਾਈਚਾਰਕ ਸ਼ਮੂਲੀਅਤ ਲਈ ਅਸਰਦਾਰ ਤਰੀਕਿਆਂ ਅਤੇ ਗਤੀਵਿਧੀਆਂ ਬਾਰੇ ਸੰਖੇਪ ਜਾਣਕਾਰੀ ਅਤੇ ਸਮਝ ਪ੍ਰਦਾਨ ਕਰਦੀ ਹੈ। ਹੋ ਸਕਦਾ ਹੈ ਕਿ ਤੁਸੀਂ ਪਹਿਲਾਂ ਹੀ ਇਹਨਾਂ ਵਿੱਚੋਂ ਕੁਝ ਗਤੀਵਿਧੀਆਂ ਕਰ ਰਹੇ ਹੋਵੋ ਜਾਂ ਭਾਈਚਾਰਕ ਸ਼ਮੂਲੀਅਤ ਗਤੀਵਿਧੀਆਂ ਲਈ ਤੁਹਾਡੇ ਆਪਣੇ ਤਰੀਕੇ ਹੋਣ, ਜਿਨ੍ਹਾਂ ਨੂੰ ਤੁਸੀਂ ਇਹਨਾਂ ਕੁਝ ਸਲਾਈਡਾਂ ਤੋਂ ਬਾਅਦ ਇਸ ਗਰੁੱਪ ਨਾਲ ਜੀਅ ਸਦਕੇ ਸਾਂਝਾ ਕਰ ਸਕਦੇ ਹੋ।*

ਫ਼ਾਲੋ-ਅੱਪ ਸਵਾਲ:

- *ਤੁਹਾਨੂੰ ਭਾਈਚਾਰਕ ਸ਼ਮੂਲੀਅਤ ਦੇ ਕਿਹੜੇ ਤਰੀਕੇ ਸਭ ਤੋਂ ਵੱਧ ਲਾਭਦਾਇਕ ਲੱਗੇ ਹਨ?*
- *CACs ਨਾਲ ਜੁੜਨ ਦਾ ਤੁਹਾਡਾ ਪਸੰਦੀਦਾ ਤਰੀਕਾ ਕੀ ਹੈ, ਅਤੇ ਇਹ ਸਭ ਤੋਂ ਵਧੀਆ ਕਿਉਂ ਜਾਪਦਾ ਹੈ?*
- *ਅਸੀਂ ਵਰਤਮਾਨ ਵਿੱਚ ਕਿਹੜੇ CAC ਸਟਾਫ਼ ਨਾਲ ਜੁੜੇ ਹੋਏ ਹਾਂ, ਅਤੇ ਉਨ੍ਹਾਂ ਨਾਲ ਜੁੜਨ ਦਾ ਕਿਹੜਾ ਤਰੀਕਾ ਸਭ ਤੋਂ ਵਧੀਆ ਕੰਮ ਕਰਦਾ ਜਾਪਦਾ ਹੈ?*

## ਕੀਟਨਾਸ਼ਕ ਕੀ ਹੁੰਦੇ ਹਨ? (ਸਲਾਈਡਾਂ 15 – 18, 20 ਮਿੰਟ)

*ਸਲਾਈਡਾਂ ਦੇ ਇਹਨਾਂ ਸੈੱਟਾਂ ਵਿੱਚ ਦੱਸਿਆ ਗਿਆ ਹੈ ਕਿ ਕੀਟਨਾਸ਼ਕ ਕੀ ਹੁੰਦੇ ਹਨ, ਕੀਟਨਾਸ਼ਕ ਕਿੱਥੇ ਵਰਤੇ ਜਾ ਸਕਦੇ ਹਨ, ਕੀਟਨਾਸ਼ਕਾਂ ਬਾਰੇ ਭਾਈਚਾਰੇ ਦੀਆਂ ਆਮ ਚਿੰਤਾਵਾਂ ਕੀ ਹਨ, ਅਤੇ ਕੀਟਨਾਸ਼ਕਾਂ ਨੂੰ ਕੌਣ ਨਿਯੰਤ੍ਰਿਤ ਕਰਦਾ ਹੈ।*

**<u>ਬ੍ਰੇਕ (10 ਮਿੰਟ)</u>**

**<u>CAC – ਭਾਈਚਾਰਕ ਸਹਿਯੋਗ: ਸਫਲਤਾ ਦੀਆਂ ਕਹਾਣੀਆਂ (ਸਲਾਈਡਾਂ 19 – 20, 20 ਮਿੰਟ)</u>**

ਸਫਲਤਾ ਦੀਆਂ ਕਹਾਣੀਆਂ ਵਾਲਾ ਵੀਡੀਓ ਪਲੇ ਕਰੋ।

ਸਫਲਤਾ ਦੀਆਂ ਕਹਾਣੀਆਂ (ਸਲਾਈਡ 19) ਸੁਣਨ ਤੋਂ ਬਾਅਦ, ਭਾਗੀਦਾਰਾਂ ਤੋਂ ਪੁੱਛਣ ਲਈ ਕੁਝ ਸੰਭਾਵੀ ਸਵਾਲ ਇਹ ਰਹੇ:

- *ਹੁਣ ਜਦੋਂ ਅਸੀਂ ਇਸ ਸਬੰਧੀ ਕੁਝ ਕਹਾਣੀਆਂ ਸੁਣ ਲਈਆਂ ਹਨ ਕਿ ਤੁਹਾਡੇ ਕਾਊਂਟੀ ਰੈਗੂਲੇਟਰਾਂ ਨਾਲ ਸਾਰਥਕ ਸ਼ਮੂਲੀਅਤ ਕਿਹੋ ਜਿਹੀ ਦਿਖਾਈ ਦੇ ਸਕਦੀ ਹੈ, ਤਾਂ ਕੁਝ ਸਮਾਂ ਕੱਢ ਕੇ ਆਪਣੀਆਂ ਭਾਈਚਾਰਕ ਤਰਜੀਹਾਂ 'ਤੇ ਵਿਚਾਰ ਕਰੋ ਅਤੇ ਦੇਖੋ ਕਿ ਕੀ ਇਹਨਾਂ ਤਜਰਬਿਆਂ ਤੋਂ ਕੋਈ ਅਜਿਹੇ ਵਿਚਾਰ ਹਨ ਜਿਹਨਾਂ ਨੂੰ ਤੁਸੀਂ ਆਪਣੇ CAC ਦਫ਼ਤਰ ਨਾਲ ਸਹਿਯੋਗ ਕਰਦੇ ਸਮੇਂ ਅਪਣਾ ਸਕਦੇ ਹੋ। ਕਿਰਪਾ ਕਰਕੇ ਉਹਨਾਂ ਨੂੰ ਆਪਣੀ ਵਰਕਬੁੱਕ (ਪੰਨਾ 10 'ਤੇ) ਵਿੱਚ ਲਿਖੋ।*
- *ਆਪਣੀਆਂ ਭਾਈਚਾਰਕ ਤਰਜੀਹਾਂ ਵਿੱਚੋਂ ਇੱਕ ਚੁਣੋ ਅਤੇ ਉਹ ਇੱਕ ਕਦਮ ਲਿਖੋ ਜੋ ਤੁਸੀਂ ਆਪਣੇ ਸਰਕਾਰੀ ਨੇਤਾਵਾਂ ਨਾਲ ਜੁੜਨ ਲਈ ਚੁੱਕ ਸਕਦੇ ਹੋ।*
- *ਇਸ ਵਰਕਸ਼ਾਪ ਸੈਸ਼ਨ ਦੌਰਾਨ, ਕੀ ਤੁਸੀਂ ਕੋਈ ਨਵਾਂ ਵਿਚਾਰ ਸੁਣਿਆ ਹੈ ਜੋ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ CACs ਨਾਲ ਜੁੜਨ ਵਿੱਚ ਸਹਾਈ ਹੋਵੇਗਾ?*
- *ਅੱਜ ਦੇ ਸੈਸ਼ਨ ਤੋਂ ਤੁਸੀਂ ਸਭ ਤੋਂ ਮਹੱਤਵਪੂਰਨ ਕਿਹੜੀ ਗੱਲ ਸਿੱਖੀ ਹੈ?*

**<u>ਸਮਾਪਤੀ (ਸਲਾਈਡਾਂ 21 – 23, 5 ਮਿੰਟ)</u>**

ਸਾਰਿਆਂ ਨੂੰ ਹੋਰਨਾਂ ਉਪਲਬਧ ਸਰੋਤਾਂ ਬਾਰੇ ਜ਼ਰੂਰ ਯਾਦ ਕਰਾਓ ਅਤੇ ਉਹਨਾਂ ਦੀ ਭਾਗੀਦਾਰੀ ਲਈ ਧੰਨਵਾਦ ਕਰੋ। ਟ੍ਰੇਨਿੰਗ ਵਿਕਸਤ ਕਰਨ ਵਾਲਿਆਂ ਅਤੇ ਵਰਕਸ਼ਾਪ ਦਾ ਆਯੋਜਨ ਕਰਨ ਵਾਲਿਆਂ ਦਾ ਧੰਨਵਾਦ ਕਰੋ।

**<u>ਫੀਡਬੈਕ (5 ਮਿੰਟ)</u>**

ਭਾਗੀਦਾਰਾਂ ਦੇ ਜਾਣ ਤੋਂ ਪਹਿਲਾਂ, ਉਨ੍ਹਾਂ ਨੂੰ ਗੁਮਨਾਮ ਫੀਡਬੈਕ ਸਰਵੇਖਣ (ਅਗਲਾ ਪੰਨਾ) ਭਰਨ ਵਾਸਤੇ 5 ਮਿੰਟ ਕੱਢਣ ਲਈ ਕਹੋ। ਜੇ ਪੜ੍ਹਨ-ਲਿਖਣ ਸਬੰਧੀ ਰੁਕਾਵਟਾਂ ਹਨ, ਤਾਂ ਇਹ ਫੀਡਬੈਕ ਜ਼ਬਾਨੀ ਇਕੱਠੀ ਕੀਤੀ ਜਾ ਸਕਦੀ ਹੈ ਅਤੇ ਅਗਲੇ ਪੰਨੇ 'ਤੇ ਨੋਟ ਕੀਤੀ ਜਾ ਸਕਦੀ ਹੈ।

## ਭਾਗੀਦਾਰ ਫੀਡਬੈਕ ਸਰਵੇਖਣ

ਪਹਿਲੇ ਤਿੰਨ ਸਵਾਲਾਂ ਲਈ, ਉਸ ਨੰਬਰ 'ਤੇ ਗੋਲਾ ਬਣਾਓ ਜੋ ਵਰਕਸ਼ਾਪ ਦੇ ਤੁਹਾਡੇ ਮੁਲਾਂਕਣ ਨੂੰ ਸਭ ਤੋਂ ਵਧੀਆ ਢੰਗ ਨਾਲ ਦਰਸਾਉਂਦਾ ਹੈ।

| | ਬਹੁਤਾ ਜ਼ਿਆਦਾ ਨਹੀਂ | | | ਬਹੁਤ ਜ਼ਿਆਦਾ ਕੀ |
|---|---|---|---|---|
| ਤੁਹਾਨੂੰ ਇਹ ਵਰਕਸ਼ਾਪ ਫਾਇਦੇਮੰਦ ਲੱਗੀ? | 1 | 2 | 3 | 4 |
| ਕੀ ਇਸ ਵਰਕਸ਼ਾਪ ਨੇ ਵਾਤਾਵਰਣ ਨਿਆਂ ਸਬੰਧੀ ਮੁੱਦਿਆਂ ਅਤੇ CAC ਦੀਆਂ ਜ਼ਿੰਮੇਵਾਰੀਆਂ ਬਾਰੇ ਤੁਹਾਡੀ ਸਮਝ ਵਿੱਚ ਵਾਧਾ ਕੀਤਾ? | 1 | 2 | 3 | 4 |
| ਕੀ ਇਸ ਵਰਕਸ਼ਾਪ ਨੇ ਤੁਹਾਨੂੰ ਸ਼ਮੂਲੀਅਤ ਦੇ ਤਰੀਕਿਆਂ ਅਤੇ ਤਕਨੀਕਾਂ ਬਾਰੇ ਨਵੀਂ ਸਮਝ ਪ੍ਰਦਾਨ ਕੀਤੀ? | 1 | 2 | 3 | 4 |

ਸ਼ਮੂਲੀਅਤ ਦਾ ਅਜਿਹਾ ਕਿਹੜਾ ਤਰੀਕਾ ਹੈ ਜੋ ਤੁਸੀਂ ਪਹਿਲਾਂ ਨਹੀਂ ਵਰਤਿਆ ਹੈ ਅਤੇ ਇਹ ਸੰਭਾਵਨਾ ਹੈ ਕਿ ਤੁਸੀ ਉਸਨੂੰ ਅਜ਼ਮਾਓਗੇ?

ਕੀ ਤੁਹਾਡੇ ਕੋਲ ਇਸ ਵਰਕਸ਼ਾਪ ਦੀ ਸਮੱਗਰੀ ਅਤੇ ਡਿਲੀਵਰੀ ਲਈ ਕੋਈ ਸੁਝਾਏ ਗਏ ਸੁਧਾਰ ਹਨ?

ਕੀ ਕੋਈ ਹੋਰ ਵਰਕਸ਼ਾਪ ਹੈ ਜੋ ਤੁਹਾਨੂੰ ਲਾਭਦਾਇਕ ਲੱਗੇਗੀ?

ਕੀ ਕੋਈ ਹੋਰ ਗੱਲ ਹੈ ਜੋ ਤੁਸੀਂ ਸਾਂਝੀ ਕਰਨੀ ਚਾਹੋਗੇ?

# CAC ਦਫ਼ਤਰ ਨੂੰ ਵਰਕਸ਼ਾਪ ਲਈ ਸੱਦਾ ਦੇਣ ਵਾਸਤੇ ਸੈਂਪਲ ਈਮੇਲ ਭਾਸ਼ਾ

_____ਤਾਰੀਖ____________

ਸਤਿਕਾਰਯੋਗ [ਕਾਉਂਟੀ ਦਾ ਨਾਮ] ਕਾਉਂਟੀ ਐਗਰੀਕਲਚਰਲ ਕਮਿਸ਼ਨਰ,

ਮੈਂ [ਭਾਈਚਾਰਕ ਸੰਸਥਾ] ਵੱਲੋਂ ਸੰਪਰਕ ਕਰ ਰਿਹਾ/ਰਹੀ ਹਾਂ, ਅਤੇ ਮੈਂ ਇਹ ਪੁੱਛਣਾ ਚਾਹੁੰਦਾ/ਚਾਹੁੰਦੀ ਹਾਂ ਕਿ ਕੀ ਤੁਸੀਂ "Engaging Effectively with CACs" (CACs ਨਾਲ ਅਸਰਦਾਰ ਢੰਗ ਨਾਲ ਜੁੜਨਾ) ਨਾਮ ਦੀ ਭਾਈਚਾਰਕ ਵਰਕਸ਼ਾਪ ਵਿੱਚ ਹਿੱਸਾ ਲੈਣ ਲਈ ਚਾਹਵਾਨ ਹੋ ਅਤੇ ਹਿੱਸਾ ਲੈ ਸਕੋਗੇ। ਯੋਜਨਾ ਇਹ ਹੈ ਕਿ ਵਰਕਸ਼ਾਪ ਦਾ ਆਯੋਜਨ [ਤਾਰੀਖਾਂ ਦੀ ਰੇਂਜ] ਦੌਰਾਨ ਕਿਸੇ ਸਮੇਂ [ਭਾਈਚਾਰੇ ਦਾ ਨਾਮ] ਵਿੱਚ ਕੀਤਾ ਜਾਵੇ।

ਮੈਂ ਇਸ ਵਰਕਸ਼ਾਪ ਦਾ ਤਾਲਮੇਲ ਅਤੇ ਸਹੂਲਤ ਪ੍ਰਦਾਨ ਕਰਾਂਗਾ/ਕਰਾਂਗੀ, ਹਾਲਾਂਕਿ ਜੇ ਤੁਸੀਂ ਜਾਂ ਤੁਹਾਡਾ ਸਟਾਫ ਇਸ ਵਰਕਸ਼ਾਪ ਦੇ ਭਾਗਾਂ ਵਿੱਚ ਸ਼ਾਮਲ ਹੋਣਾ ਚਾਹੋਗੇ, ਤਾਂ ਇਸਦੀ ਬੜੀ ਸ਼ਲਾਘਾ ਕੀਤੀ ਜਾਵੇਗੀ—ਖਾਸ ਕਰਕੇ ਜੇ ਤੁਹਾਡੇ ਕੋਲ ਅਜਿਹਾ ਸਟਾਫ ਹੈ ਜੋ ਪਹਿਲਾਂ ਭਾਈਚਾਰਕ ਸ਼ਮੂਲੀਅਤ ਅਤੇ ਆਊਟਰੀਚ ਵਿੱਚ ਸ਼ਾਮਲ ਰਿਹਾ ਹੈ। ਪਰ ਫਿਰ ਵੀ, ਮੇਰਾ ਮੰਨਣਾ ਹੈ ਕਿ ਵਰਕਸ਼ਾਪ ਦੌਰਾਨ ਤੁਹਾਡੀ ਮੌਜੂਦਗੀ ਅਤੇ ਦ੍ਰਿਸ਼ਟੀਕੋਣ ਭਾਗੀਦਾਰਾਂ ਲਈ ਬਹੁਤ ਕੀਮਤੀ ਹੋਣਗੇ।

ਇਸ ਵਰਕਸ਼ਾਪ ਦਾ ਸਰੂਪ ਅਤੇ ਸਮੱਗਰੀ CACs ਅਤੇ ਭਾਈਚਾਰਕ ਆਗੂਆਂ ਦੇ ਇੱਕ ਕਾਰਜ ਸਮੂਹ ਦੁਆਰਾ ਵਿਕਸਤ ਕੀਤੀ ਗਈ ਸੀ। ਇਸਦਾ ਉਦੇਸ਼ ਕਮਿਸ਼ਨਰਾਂ ਦੀਆਂ ਕੁਝ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਾਉਣਾ ਅਤੇ ਇਹ ਦਰਸਾਉਣਾ ਹੈ ਕਿ ਕਿਸ ਤਰ੍ਹਾਂ ਭਾਈਚਾਰਕ ਮੈਂਬਰਾਂ ਦੀ ਆਪਣੇ CAC ਦਫ਼ਤਰ ਨਾਲ ਸ਼ਮੂਲੀਅਤ ਤੋਂ ਪਰਸਪਰ ਰੂਪ ਵਿੱਚ ਲਾਭਦਾਇਕ ਨਤੀਜੇ ਮਿਲ ਸਕਦੇ ਹਨ।

ਇਹ ਵਰਕਸ਼ਾਪ ਆਹਮੋ-ਸਾਹਮਣੇ ਹੋਵੇਗੀ ਜੋ ਲਗਭਗ ਦੋ ਘੰਟੇ ਚੱਲੇਗੀ। ਤੁਹਾਡੀ ਭੂਮਿਕਾ ਵਰਕਸ਼ਾਪ ਦੁਆਰਾ ਦਿੱਤੇ ਜਾ ਰਹੇ ਸੁਨੇਹਿਆਂ 'ਤੇ ਜ਼ੋਰ ਪਾਉਣਾ, ਇਸ ਦੀਆਂ ਕੁਝ ਉਦਾਹਰਣਾਂ ਦੇਣਾ ਕਿ ਭਾਈਚਾਰੇ ਦੇ ਮੈਂਬਰਾਂ ਨਾਲ ਤੁਸੀਂ ਕਿਵੇਂ ਕੰਮ ਕੀਤਾ ਹੈ, ਅਤੇ ਤੁਹਾਡੇ ਦਫ਼ਤਰ ਬਾਰੇ ਉਠਾਏ ਗਏ ਸਵਾਲਾਂ ਦੇ ਜਵਾਬ ਦੇਣਾ ਹੋਵੇਗੀ। ਵਰਕਸ਼ਾਪ ਤੋਂ ਪਹਿਲਾਂ, ਮੈਂ ਤੁਹਾਨੂੰ ਮਿਲਣਾ ਚਾਹੁੰਦਾ/ਚਾਹੁੰਦੀ ਹਾਂ ਤਾਂ ਜੋ ਤੁਹਾਡੀ ਕਾਉਂਟੀ ਵਿੱਚ ਉਠਾਏ ਗਏ ਭਾਈਚਾਰਕ ਮੁੱਦਿਆਂ ਅਤੇ ਚਿੰਤਾਵਾਂ ਬਾਰੇ ਤੁਹਾਡੇ ਵਿਚਾਰ ਪ੍ਰਾਪਤ ਕੀਤੇ ਜਾ ਸਕਣ ਅਤੇ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਅਸੀਂ ਇਸਨੂੰ ਇੱਕ ਦਿਲਚਸਪ ਅਤੇ ਨਿਰਵਿਘਨ ਵਰਕਸ਼ਾਪ ਬਣਾਉਣ ਲਈ ਕਿਵੇਂ ਇਕੱਠੇ ਮਿਲ ਕੇ ਕੰਮ ਕਰਾਂਗੇ। [ਜੇ ਇਹ ਇੱਕ ਔਨਲਾਈਨ ਵਰਕਸ਼ਾਪ ਹੋਵੇਗੀ, ਤਾਂ ਅਗਲੇ ਪੰਨੇ 'ਤੇ ਸੋਧਿਆ ਹੋਇਆ ਪੈਰ੍ਹਾ ਦੇਖੋ।]

ਮੈਨੂੰ ਪੂਰਾ ਵਿਸ਼ਵਾਸ ਹੈ ਕਿ ਤੁਹਾਡੀ ਭਾਗੀਦਾਰੀ ਨਾ ਸਿਰਫ਼ ਭਾਈਚਾਰੇ ਦੇ ਮੈਂਬਰਾਂ ਲਈ ਵਰਕਸ਼ਾਪ ਨੂੰ ਹੋਰ ਕੀਮਤੀ ਅਤੇ ਸਾਰਥਕ ਬਣਾਏਗੀ, ਸਗੋਂ ਤੁਹਾਡੇ ਅਤੇ ਤੁਹਾਡੇ ਸਟਾਫ ਲਈ ਵੀ ਇੱਕ ਲਾਭਦਾਇਕ ਸ਼ਮੂਲੀਅਤ ਦਾ ਮੌਕਾ ਹੋਵੇਗੀ।

ਮੈਨੂੰ ਤੁਹਾਡੇ ਜਵਾਬ ਅਤੇ [ਕਾਉਂਟੀ ਦਾ ਨਾਮ] ਕਾਉਂਟੀ ਵਿੱਚ ਸਾਰਥਕ ਅਤੇ ਪ੍ਰਭਾਵਸ਼ਾਲੀ ਭਾਈਚਾਰਕ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਨ ਲਈ ਤੁਹਾਡੇ ਸਹਿਯੋਗ ਦੀ ਉਮੀਦ ਰਹੇਗੀ।

ਸੁਹਿਰਦਤਾ ਨਾਲ,

ਔਨਲਾਈਨ ਵਰਕਸ਼ਾਪ ਲਈ ਬਦਲਵਾਂ ਪੈਰ੍ਹਾ

ਇਹ ਇੱਕ ਔਨਲਾਈਨ ਵਰਕਸ਼ਾਪ ਹੋਵੇਗੀ ਜੋ [ਆਨਲਾਈਨ ਪਲੇਟਫ਼ਾਰਮ ਦਾ ਨਾਮ] ਰਾਹੀਂ ਲਗਭਗ ਦੋ ਘੰਟੇ ਚੱਲੇਗੀ। ਤੁਹਾਡੀ ਭੂਮਿਕਾ ਵਰਕਸ਼ਾਪ ਦੁਆਰਾ ਦਿੱਤੇ ਜਾ ਰਹੇ ਸੁਨੇਹਿਆਂ 'ਤੇ ਜ਼ੋਰ ਪਾਉਣਾ, ਇਸ ਦੀਆਂ ਕੁਝ ਉਦਾਹਰਣਾਂ ਦੇਣਾ ਕਿ ਭਾਈਚਾਰੇ ਦੇ ਮੈਂਬਰਾਂ ਨਾਲ ਤੁਸੀਂ ਕਿਵੇਂ ਕੰਮ ਕੀਤਾ ਹੈ, ਅਤੇ ਤੁਹਾਡੇ ਦਫ਼ਤਰ ਬਾਰੇ ਉਠਾਏ ਗਏ ਸਵਾਲਾਂ ਦੇ ਜਵਾਬ ਦੇਣਾ ਹੋਵੇਗੀ। ਵਰਕਸ਼ਾਪ ਤੋਂ ਪਹਿਲਾਂ, ਮੈਂ ਤੁਹਾਨੂੰ ਮਿਲਣਾ ਚਾਹੁੰਦਾ/ਚਾਹੁੰਦੀ ਹਾਂ ਤਾਂ ਜੋ ਤੁਹਾਡੀ ਕਾਉਂਟੀ ਵਿੱਚ ਉਠਾਏ ਗਏ ਭਾਈਚਾਰਕ ਮੁੱਦਿਆਂ ਅਤੇ ਚਿੰਤਾਵਾਂ ਬਾਰੇ ਤੁਹਾਡੇ ਵਿਚਾਰ ਪ੍ਰਾਪਤ ਕੀਤੇ ਜਾ ਸਕਣ ਅਤੇ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਅਸੀਂ ਇਸਨੂੰ ਇੱਕ ਦਿਲਚਸਪ ਅਤੇ ਨਿਰਵਿਘਨ ਵਰਕਸ਼ਾਪ ਬਣਾਉਣ ਲਈ ਕਿਵੇਂ ਇਕੱਠੇ ਮਿਲ ਕੇ ਕੰਮ ਕਰਾਂਗੇ। ਇਹ ਵੀ ਬਹੁਤ ਵਧੀਆ ਰਹੇਗਾ ਕਿ ਵਰਕਸ਼ਾਪ ਤੋਂ ਪਹਿਲਾਂ ਇਸਨੂੰ ਥੋੜ੍ਹਾ ਜਿਹਾ ਟੈਸਟ ਕਰ ਲਿਆ ਜਾਵੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਸੀਂ ਦੋਵੇਂ ਔਨਲਾਈਨ ਪਲੇਟਫ਼ਾਰਮ ਦੀ ਕਾਰਜ-ਪ੍ਰਣਾਲੀ ਨਾਲ ਸਹਿਜ ਹਾਂ।